ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ,ਪੰਜਾਬ
ਐਸ.ਸੀ.ਓ ਨੰ:104-106, ਦੂਜੀ, ਤੀਜੀ ਮੰਜ਼ਿਲ, ਸੈਕਟਰ 34-ਏ,
ਚੰਡੀਗੜ੍ਹ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪੰਜਾਬ ਰਾਜ

ਮੀਮੋ ਨੰ. ਐਮ.ਡੀ.ਐਮ.ਸੀ/ ਜੀ.ਐਮ /2012/ 1987-2006
ਮਿਤੀ 24 /07/2012

ਵਿਸ਼ਾ:- ਮਿਡ-ਡੇ-ਮੀਲ ਸਕੀਮ ਤਹਿਤ ਸਕੂਲੀਂ ਬੱਚਿਆਂ ਲਈ ਬਰਤਨਾਂ ਦੀ ਖਰੀਦ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2.0 ਆਪ ਦੇ ਜ਼ਿਲ੍ਹੇ ਦੇ ਅਧੀਨ ਪ੍ਰਾਇਮਰੀ, ਅਪਰ ਪ੍ਰਾਇਮਰੀ, ਮਾਨਤਾ ਪ੍ਰਾਪਤ ਅਤੇ ਪੰਚਾਇਤੀ ਰਾਜ ਅਧੀਨ ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਦੇ ਸਕੂਲੀਂ ਬੱਚਿਆਂ ਲਈ ਮਿਡ-ਡੇ-ਮੀਲ ਖਾਣ ਵਾਸਤੇ ਇੱਕ ਸਟੀਲ ਦੀ ਥਾਲੀ, ਇੱਕ ਸਟੀਲ ਦਾ ਗਿਲਾਸ ਤੇ ਇੱਕ ਸਟੀਲ ਦਾ ਚਮਚ ਦਿੱਤੇ ਜਾਣੇ ਹਨ।

3.0 ਜ਼ਿਲ੍ਹੇਵਾਰ ਮੰਜੂਰ ਕੀਤੇ ਫੰਡਜ਼ (50 ਰੁਪਏ ਪ੍ਰਤੀ ਬੱਚਾ) ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਬੱਚਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਜ਼ਿਲ੍ਹੇ ਦਾ ਨਾਂ | ਪ੍ਰਾਇਮਰੀ ਬੱਚੇ | ਅੱਪਰ ਪ੍ਰਾਇਮਰੀ ਬੱਚੇ | ਕੁੱਲ ਬੱਚੇ | 50/- ਰੁਪਏ ਪ੍ਰਤੀ ਬੱਚੇ ਦੇ ਹਿਸਾਬ ਨਾਲ ਕੁੱਲ ਰਕਮ (ਰੁਪਏ ਵਿੱਚ) |
|---|---|---|---|---|---|
| 1 | ਅੰਮ੍ਰਿਤਸਰ | 84557 | 43652 | 128209 | 6410450 |
| 2 | ਬਰਨਾਲਾ | 25296 | 17557 | 42853 | 2142650 |
| 3 | ਬਠਿੰਡਾ | 55764 | 37690 | 93454 | 4672700 |
| 4 | ਫਰੀਦਕੋਟ | 29268 | 17961 | 47229 | 2361450 |
| 5 | ਫਤਿਹਗੜ੍ਹ ਸਾਹਿਬ | 23183 | 15058 | 38241 | 1912050 |
| 6 | ਫਿਰੋਜ਼ਪੁਰ | 93365 | 56904 | 150269 | 7513450 |
| 7 | ਗੁਰਦਾਸਪੁਰ | 81655 | 53655 | 135310 | 6765500 |
| 8 | ਹੁਸ਼ਿਆਰਪੁਰ | 64730 | 45472 | 110202 | 5510100 |
| 9 | ਜਲੰਧਰ | 71866 | 52483 | 124349 | 6217450 |
| 10 | ਕਪੂਰਥਲਾ | 32187 | 20410 | 52597 | 2629850 |
| 11 | ਲੁਧਿਆਣਾ | 85106 | 55961 | 141067 | 7053350 |
| 12 | ਮਾਨਸਾ | 36746 | 24599 | 61345 | 3067250 |

| | | | | | |
|---|---|---|---|---|---|
| 13 | ਮੋਗਾ | 45931 | 29892 | 75823 | 3791150 |
| 14 | ਮੁਕਤਸਰ | 41659 | 24984 | 66643 | 3332150 |
| 15 | ਨਵਾਂਸ਼ਹਿਰ | 25010 | 17893 | 42903 | 2145150 |
| 16 | ਪਟਿਆਲਾ | 63555 | 47712 | 111267 | 5563350 |
| 17 | ਰੋਪੜ | 30583 | 21382 | 51965 | 2598250 |
| 18 | ਸੰਗਰੂਰ | 72846 | 44976 | 117822 | 5891100 |
| 19 | ਸੰਗਰੂਰ | 29846 | 19039 | 48885 | 2444250 |
| 20 | ਤਰਨਤਾਰਨ | 50611 | 28956 | 79567 | 3978350 |
| | ਕੁੱਲ | 1043764 | 676236 | 1720000 | 86000000 |

4.0 ਇਨ੍ਹਾਂ ਬਰਤਨਾਂ ਦੀ ਖਰੀਦ ਸਕੂਲ ਮੈਨੇਜਮੈਂਟ ਕਮੇਟੀ (SMC) ਦੁਆਰਾ ਹੇਠ ਲਿਖੀਆਂ ਸਰਤਾਂ ਅਨੁਸਾਰ ਕੀਤੀ ਜਾਂਣੀ ਹੈ:-

1) ਇਹ ਵੇਖਣ ਵਿੱਚ ਆਇਆ ਹੈ ਕਿ ਮੌਜੂਦਾ ਸਮੇਂ ਕਈ ਸਕੂਲਾਂ ਵਿੱਚ ਮਿਡ-ਡੇ-ਮੀਲ ਖਾਣ ਲਈ ਬਰਤਨ ਮੌਜੂਦ ਹਨ, ਇਹ ਯਕੀਨੀ ਬਨਾਉਣਗੇ ਕਿ ਜ਼ਿਨ੍ਹਾਂ ਸਕੂਲਾਂ ਵਿੱਚ ਬਰਤਨ ਮੌਜੂਦ ਹਨ ਉਨ੍ਹਾਂ ਸਕੂਲਾਂ ਨੂੰ ਬਰਤਨ ਖਰੀਦਣ ਦੀ ਰਾਸ਼ੀ ਨਾ ਭੇਜੀ ਜਾਵੇ।

2) ਆਪ ਇਹ ਯਕੀਨੀ ਬਨਾਉਣਗੇ ਕਿ ਐਸ.ਐਮ.ਸੀ. (ਸਕੂਲ ਮੈਨੇਜਮੈਂਟ ਕਮੇਟੀ) ਵੱਲੋਂ ਹੀ ਬਰਤਨ ਖਰੀਦੇ ਜਾਣਗੇ।

3) ਖਰੀਦਣਯੋਗ ਬਰਤਨਾਂ ਦੀ ਰਕਮ ਸਕੂਲਾਂ ਦੀ ਮੈਨੈਜਮੈਂਟ ਕਮੇਟੀ ਦੇ ਬੈਂਕ ਖਾਤੇ ਵਿੱਚ ਹੀ ਈ-ਟ੍ਰਾਂਸਫਰ, ਆਰ.ਟੀ.ਜੀ.ਐਸ. ਜਾਂ A/c **Payee Cheque** ਰਾਹੀਂ ਹੀ ਕੀਤੀ ਜਾਵੇ।

4) ਐਸ.ਐਮ.ਸੀ. ਦੁਆਰਾ ਖਰੀਦੇ ਖਾਣ ਵਾਲੇ ਬਰਤਨਾਂ ਦੀ ਸਪੈਸ਼ੀਫਿਕੇਸ਼ਨ ਹੇਠ ਲਿਖੇ ਅਨੁਸਾਰ ਹੈ:-

(i) ਥਾਲੀਆਂ ਚਮਚ ਅਤੇ ਗਿਲਾਸ ਸਟੇਨ ਲੈਸ ਸਟੀਲ ਦੇ ਬਣੇ ਹੋਣੇ ਚਾਹੀਦੇ ਹਨ।
(ii) ਹਰੇਕ ਥਾਲੀ ਵਿੱਚ 3 ਕਟੋਰੀਆਂ ਬਣੀਆਂ ਹੋਣੀਆਂ ਚਾਹੀਦੀਆਂ ਹਨ।
(iii) ਥਾਲੀ ਦਾ ਡਾਇਆ 300 **mm** ਅਤੇ ਇਸਦਾ ਭਾਰ 300 **gm** ਹੋਵੇਗਾ।
(iv) ਗਿਲਾਸ ਦਾ ਡਾਇਆ 70 **mm** ਅਤੇ ਇਸਦਾ ਭਾਰ 100 **gm** ਹੋਵੇਗਾ।
(v) ਚਮਚ ਦੀ ਲੰਬਾਈ 140 **mm** ਅਤੇ ਭਾਰ 30 **gm** ਹੋਵੇਗਾ।

5) ਬਰਤਨਾਂ ਦੀ ਖਰੀਦ ਸਕੂਲ ਦੀ ਐਸ.ਐਮ.ਸੀ. ਦੁਆਰਾ ਪੰਜਾਬ ਵਿੱਤੀ ਨਿਯਮਾਂ ਅਨੁਸਾਰ ਹੀ ਕੀਤੀ ਜਾਵੇਗੀ ਅਤੇ ਖਰੀਦੇ ਗਏ ਬਰਤਨਾਂ ਦੇ ਹਰੇਕ ਵਾਊਚਰ ਦੇ ਉੱਤੇ ਕਮੇਟੀ ਮੈਂਬਰਾਂ ਵੱਲੋਂ ਇਹ ਸਰਟੀਫਿਕੇਟ ਦਿੱਤਾ ਜਾਵੇਗਾ ਕਿ ਖਰੀਦੇ ਗਏ

ਬਰਤਨ ਦਿੱਤੀ ਗਈ ਸਪੈਸ਼ੀਫਿਕੇਸ਼ਨ ਅਤੇ ਬਾਜਾਰ ਵਿੱਚ ਮੌਜੂਦਾ ਘੱਟੋ-ਘੱਟ ਰੇਟ ਤੇ ਖਰੀਦੇ ਗਏ ਹਨ।

6) ਇਹ ਧਿਆਨ ਰੱਖਿਆ ਜਾਵੇ ਕਿ ਬਰਤਨਾਂ ਦੀ ਗੁੱਣਵੱਤਾ ਕਸੌਟੀ ਤੇ ਖਰੀ ਉਤਰਨੀ ਚਾਹੀਦੀ ਹੈ।

7) ਹਰੇਕ ਸਕੂਲ ਮੁੱਖੀ ਵੱਲੋਂ ਖਰੀਦੇ ਗਏ ਬਰਤਨਾਂ ਦੀ ਸਕੂਲ ਵਿੱਚ ਸਟਾਕ ਐਂਟਰੀ ਕਰਨੀ ਲਾਜ਼ਮੀ ਹੈ।

8) ਕਿਸੇ ਵੀ ਹਾਲਤ ਵਿੱਚ ਆਪ ਵੱਲੋਂ ਕਿਸੇ ਵੀ ਸਕੂਲ 'ਦੀ ਐਸ.ਐਮ.ਸੀ. ਕਮੇਟੀ ਨੂੰ ਵਿਸ਼ੇਸ਼ ਦੁਕਾਨ ਤੋਂ ਬਰਤਨ ਖਰੀਦਣ ਲਈ ਲਿਖਤੀ ਜਾਂ ਜੁਬਾਨੀ ਨਿਰਦੇਸ਼ ਨਹੀਂ ਦਿੱਤੇ ਜਾਣਗੇ।

9) ਖਰੀਦੇ ਗਏ ਬਰਤਨਾਂ ਦੀ ਅਦਾਇਗੀ ਦੁਕਾਨਦਾਰ ਨੂੰ ਕੇਵਲ **A/C payee Cheque** ਰਾਹੀਂ ਹੀ ਕੀਤੀ ਜਾਵੇ ਅਤੇ ਕੋਈ ਵੀ ਅਦਾਇਗੀ ਨਕਦ ਨਾ ਕੀਤੀ ਜਾਵੇ।

10) ਬਰਤਨਾਂ ਦੀ ਖਰੀਦ ਪ੍ਰਣਾਲੀ ਨੂੰ ਪੂਰਾ ਕਰਨ ਉਪਰੰਤ ਇਸਦਾ ਵਰਤੋਂ ਸਰਟੀਫਿਕੇਟ ਆਪ ਵੱਲੋਂ ਮੁੱਖ ਦਫ਼ਤਰ ਵਿਖੇ ਭੇਜਣੇ ਲਾਜ਼ਮੀ ਬਣਾਏ ਜਾਣ।

11) ਹੁਕਮਾਂ ਦੀ ਇਨ ਬਿਨ ਪਾਲਣਾ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਦਫ਼ਤਰ ਨੂੰ ਭੇਜੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ

ਪਿੱ.ਅੰ. ਨੰ. ਐਮ.ਡੀ.ਐਮ.ਸੀ/ ਜੀ.ਐਮ /**2012**/2007 ਮਿਤੀ 24/07/2012

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਵੈਬ-ਸਾਈਟ ਰਾਹੀਂ ਭੇਜਿਆ ਜਾਂਦਾ ਹੈ।

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ